

# ਆਸਟ੍ਰੇਲੀਆ ਵਿੱਚ ਭਾਰਤੀ ਪ੍ਰਵਾਸੀਆਂ (ਡਾਇਸਪੋਰਾ) ਦੀਆਂ ਕਹਾਣੀਆਂ ਨੂੰ ਇਕੱਠਾ ਕਰਨਾ

**ਆਸਟ੍ਰੇਲੀਆ ਦੀ ਨੈਸ਼ਨਲ ਲਾਇਬ੍ਰੇਰੀ ਰਾਸ਼ਟਰੀ ਸੰਗ੍ਰਹਿ ਵਿੱਚ ਸ਼ਾਮਲ ਕਰਨ ਲਈ ਭਾਰਤੀ ਵਿਰਾਸਤ ਵਾਲੇ ਆਸਟ੍ਰੇਲੀਆਈ ਲੋਕਾਂ ਦੀਆਂ ਕਹਾਣੀਆਂ ਦੀ ਸਰਗਰਮੀ ਨਾਲ ਭਾਲ ਕਰ ਰਹੀ ਹੈ।**

ਭਾਰਤੀ ਵਿਰਸੇ ਵਾਲੇ ਲੋਕ ਆਸਟ੍ਰੇਲੀਆ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧ ਰਿਹਾ ਪ੍ਰਵਾਸੀ ਸਮੂਹ ਹਨ। ਜਿਸ ਵਿੱਚ 2022 ਵਿੱਚ 750,000 ਤੋਂ ਵੱਧ ਲੋਕ ਸਨ। ਭਾਰਤੀ ਪ੍ਰਵਾਸੀ ਭਾਈਚਾਰਿਆਂ ਨੇ ਆਸਟ੍ਰੇਲੀਆਈ ਸਮਾਜ ਅਤੇ ਸੱਭਿਆਚਾਰ ਦੇ ਕਈ ਪਹਿਲੂਆਂ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਨੈਸ਼ਨਲ ਲਾਇਬ੍ਰੇਰੀ ਭਾਰਤੀ ਵਿਰਸੇ ਵਾਲੇ ਆਸਟ੍ਰੇਲੀਆਈ ਲੋਕਾਂ ਨੂੰ ਆਪਣੀਆਂ ਕਹਾਣੀਆਂ ਦਾ ਇੱਕ ਸੰਗ੍ਰਹਿ ਬਣਾਉਣ ਵਿੱਚ ਮੱਦਦ ਕਰਨ ਲਈ ਸੱਦਾ ਦੇ ਰਹੀ ਹੈ। ਲਾਇਬ੍ਰੇਰੀ ਦਾ ਮਾਰਗਦਰਸ਼ਨ ਉਹਨਾਂ ਲੋਕਾਂ ਦੁਆਰਾ ਕੀਤਾ ਜਾਵੇਗਾ ਜੋ ਸਵੈ-ਪਰਿਭਾਸ਼ਾ ਦੁਆਰਾ ਆਸਟ੍ਰੇਲੀਆ ਵਿੱਚ ਭਾਰਤੀ ਡਾਇਸਪੋਰਾ ਦਾ ਹਿੱਸਾ ਹਨ। ਇਸ ਵਿੱਚ ਉਹ ਲੋਕ ਵੀ ਸ਼ਾਮਲ ਹੋ ਸਕਦੇ ਹਨ ਜੋ ਆਪਣੀ ਵਿਰਾਸਤ ਵੰਡ ਤੋਂ ਪਹਿਲਾਂ ਦੇ ਭਾਰਤੀ ਉਪ-ਮਹਾਂਦੀਪ ਵਿੱਚ ਹੋਣ ਦੇ ਪੈਰ-ਚਿੰਨ੍ਹ ਲੱਭਦੇ ਹਨ।

ਭਾਰਤੀ ਡਾਇਸਪੋਰਾ ਦੀਆਂ ਕਹਾਣੀਆਂ ਨੂੰ ਇਕੱਠਾ ਕਰਕੇ, ਲਾਇਬ੍ਰੇਰੀ ਭਵਿੱਖ ਦੇ ਸਮਾਜਿਕ ਇਤਿਹਾਸਕਾਰਾਂ ਲਈ, ਅੱਜ ਦੀਆਂ ਕਹਾਣੀਆਂ ਨੂੰ ਸੁਰੱਖਿਅਤ ਅਤੇ ਪਹੁੰਚਯੋਗ ਬਣਾ ਸਕਦੀ ਹੈ। ਲਾਇਬ੍ਰੇਰੀ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਆਸਟ੍ਰੇਲੀਆ ਦੇ ਪ੍ਰਵਾਸ ਇਤਿਹਾਸ ਦਾ ਇੱਕ ਸਥਾਈ ਦਸਤਾਵੇਜ਼ੀ ਰਿਕਾਰਡ ਜਨਤਕ ਤੌਰ 'ਤੇ ਉਪਲਬਧ ਹੋਵੇ।



NATIONAL LIBRARY OF AUSTRALIA



**ਲਾਇਬ੍ਰੇਰੀ ਕੀ ਲੱਭ ਰਹੀ ਹੈ?**

ਲਾਇਬ੍ਰੇਰੀ ਆਸਟ੍ਰੇਲੀਆਈ-ਭਾਰਤੀ ਲੋਕਾਂ ਅਤੇ ਭਾਈਚਾਰਿਆਂ, ਉਹਨਾਂ ਦੇ ਜੀਵਨ ਅਤੇ ਅਨੁਭਵਾਂ, ਉਹਨਾਂ ਦੇ ਕੰਮ ਅਤੇ ਸੰਸਥਾਵਾਂ ਦੁਆਰਾ ਅਤੇ ਉਹਨਾਂ ਬਾਰੇ ਸਮੱਗਰੀ ਲੱਭ ਰਹੀ ਹੈ।
ਇਹ ਸਮੱਗਰੀ ਰਾਸ਼ਟਰੀ ਸੰਗ੍ਰਹਿ ਵਿੱਚ ਸ਼ਾਮਲ ਕੀਤੀ ਜਾਵੇਗੀ।

- ਕਿਤਾਬਾਂ
- ਅਖ਼ਬਾਰਾਂ ਜਾਂ ਸਮਾਚਾਰ ਪੱਤਰ
- ਹੱਥ-ਲਿਖਤਾਂ
- ਤਸਵੀਰਾਂ
- ਫ਼ੋਟੋਆਂ
- ਪੋਸਟਰ
- ਇਲੈਕਟ੍ਰਾਨਿਕ ਪ੍ਰਕਾਸ਼ਨ
- ਵੈੱਬਸਾਈਟਾਂ
- ਅਲਪਜੀਵੀ (ਇਫੇਮੇਰਾ)

**ਤੁਸੀਂ ਕਿਵੇਂ ਯੋਗਦਾਨ ਪਾ ਸਕਦੇ ਹੋ**

ਜੇਕਰ ਤੁਹਾਡੇ ਕੋਲ ਅਜਿਹੀਆਂ ਚੀਜ਼ਾਂ ਹਨ ਜੋ ਤੁਸੀਂ ਦਾਨ ਕਰਕੇ ਖੁਸ਼ ਹੋਵੋਗੇ, ਤਾਂ ਤੁਸੀਂ ਉਹਨਾਂ ਨੂੰ ਲਾਇਬ੍ਰੇਰੀ ਨੂੰ ਵਿਚਾਰਨ ਲਈ ਪੇਸ਼ ਕਰ ਸਕਦੇ ਹੋ।

ਇਹ ਲਾਇਬ੍ਰੇਰੀ ਉਹਨਾਂ ਲੋਕਾਂ ਨਾਲ ਇੰਟਰਵਿਊ ਵੀ ਰਿਕਾਰਡ ਕਰੇਗੀ ਜੋ ਆਪਣੀ ਕਹਾਣੀ ਅਤੇ ਅਨੁਭਵ ਸਾਂਝੇ ਕਰਨਾ ਚਾਹੁੰਦੇ ਹਨ। ਜੇਕਰ ਤੁਸੀਂ ਆਪਣੀ ਕਹਾਣੀ ਨੂੰ ਲਾਇਬ੍ਰੇਰੀ ਦੇ ਮੌਖਿਕ ਇਤਿਹਾਸ ਸੰਗ੍ਰਹਿ ਵਿੱਚ ਸ਼ਾਮਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਲਾਇਬ੍ਰੇਰੀ ਦੀ ਵੈੱਬਸਾਈਟ ਰਾਹੀਂ ਆਪਣੀ ਦਿਲਚਸਪੀ ਦਾ ਪ੍ਰਗਟਾਵਾ ਕਰ ਸਕਦੇ ਹੋ।

**ਇਸ ਪ੍ਰੋਜੈਕਟ ਅਤੇ ਤੁਸੀਂ ਇਸ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹੋ, ਬਾਰੇ ਹੋਰ ਜਾਣਨ ਲਈ nla.gov.au/Australians-with-Indian-Heritage 'ਤੇ ਜਾਓ ਜਾਂ ਇਸ QR ਕੋਡ ਨੂੰ ਸਕੈਨ ਕਰੋ।**

## ਰਾਸ਼ਟਰੀ ਸੰਗ੍ਰਹਿ ਵਿੱਚ ਯੋਗਦਾਨ ਪਾਉਣ ਲਈ ਤੁਹਾਡਾ ਧੰਨਵਾਦ, ਅਸੀਂ ਤੁਹਾਡੇ ਕੰਮ ਨੂੰ ਪ੍ਰਾਪਤ ਕਰਨ ਅਤੇ ਇਸ ਦੀ ਦੇਖਭਾਲ ਕਰਨ ਦੀ ਉਤਸੁਕਤਾ ਨਾਲ ਉਡੀਕ ਕਰਦੇ ਹਾਂ।

NATIONAL LIBRARY OF AUSTRALIA